ਵੱਲੋ:

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ
(ਤਕਨੀਕੀ ਸਿੱਖਿਆ ਵਿੰਗ),ਚੰਡੀਗੜ੍ਹ।

ਵੱਲ

ਪ੍ਰਿੰਸੀਪਲ,(ਸੈਕਸ਼ਨਿੰਗ ਅਥਾਰਟੀ)
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ,

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ.ਆਰ.ਅੰਬੇਦਕਰ, ਨੈਸ਼ਨਲ ਇਸ: ਆਫ ਟੈਕ: ਜਲੰਧਰ।
3. ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ, ਰੋਪੜ੍ਹ
4. ਸੰਤ ਲੋਗੋਂਵਾਲ ਇੰਸ: ਆਫ ਇੰਜੀ: ਅਤੇ ਟੈਕ:ਲੌਂਗੋਵਾਲ, ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।
6. ਥਾਪਰ ਯੂਨੀਵਰਸਿਟੀ, ਪਟਿਆਲਾ।

ਮੀਮੋ ਨੰ: 280 /ਸਕਾਲਰਸ਼ਿਪ/2013 ਮਿਤੀ: 9/5/14

ਵਿਸ਼ਾ:- **Instructions regarding implementation for scholarship portal for the financial year 2014-15.**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਭਲਾਈ ਵਿਭਾਗ ਦੇ ਪੱਤਰ ਨੰ: 19590-595 ਮਿਤੀ 8.05.2014 (ਜੋ ਵਿਭਾਗ ਦੀ ਵੈਬ ਸਾਈਟ **www.dtepunjab.gov.in** ਤੇ ਦੇਖਣਯੋਗ ਹੈ) ਦੇ ਹਵਾਲੇ ਨਾਲ ਇਹ ਦੱਸਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਆਸ਼ੀਰਵਾਦ ਪੋਰਟਲ ਤੇ ਸਾਲ 2014-15 ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਵਿਭਾਗ ਅਧੀਨ ਆਉਂਦੀਆਂ ਸਾਰੀਆਂ ਸੰਸਥਾਵਾਂ (ਬਹੁਤਕਨੀਕੀ , ਇੰਜ: ਕਾਲਜ/ਡਿਗਰੀ, ਅਤੇ ਪੀ.ਟੀ.ਯੂ. ਐਫੀਲਿਏਟਿਡ ਨਾਨ-ਏ.ਆਈ.ਸੀ.ਟੀ.ਈ.) ਅਤੇ ਉਨ੍ਹਾਂ ਵਿੱਚ ਚਲ ਰਹੇ ਕੋਰਸਾਂ ਦੀ ਅਪਡੇਸ਼ਨ ਸਬੰਧੀ ਭਲਾਈ ਵਿਭਾਗ ਵੱਲੋਂ ਸੂਚਨਾ ਮੰਗੀ ਹੈ ਅਤੇ ਉਨ੍ਹਾਂ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਸੈਸ਼ਨ ਦੇ ਵਿਚਕਾਰ ਆਸ਼ੀਰਵਾਦ ਵੈਬ ਪੋਰਟਲ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ/ਬਦਲਾਉ ਨਹੀਂ ਕੀਤਾ ਜਾਵੇਗਾ।

ਇੱਥੇ ਇਹ ਦਰਸਾਇਆ ਜਾਂਦਾ ਹੈ ਕਿ ਜਿਸ ਤਰ੍ਹਾਂ ਸਾਲ 2013-14 ਦੌਰਾਨ ਵੱਖ-2 ਸੰਸਥਾਵਾਂ ਅਤੇ ਉਨ੍ਹਾਂ ਵਿੱਚ ਚੱਲ ਰਹੇ ਕੋਰਸਾਂ ਦੀ ਰਜਿਸਟ੍ਰੇਸ਼ਨ ਆਸ਼ੀਰਵਾਦ ਵੈਬ ਪੋਰਟਲ ਤੇ ਕੀਤੀ ਗਈ ਸੀ, ਉਸੇ ਤਰ੍ਹਾਂ ਹੀਂ ਸਾਲ 2014-15 ਦੌਰਾਨ ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਅਪਡੇਸ਼ਨ ਜਿਵੇਂ ਕਿ ਕਿਸੇ ਕੋਰਸ ਨੂੰ ਬੰਦ ਕਰਵਾਉਣਾ ਜਾਂ ਨਵਾਂ ਸ਼ੁਰੂ ਕਰਨਾ।ਇਸੇ ਤਰ੍ਹਾਂ ਕੋਈ ਨਵੀਂ ਸੰਸਥਾ ਰਜਿਸਟਰਡ ਕਰਵਾਉਣੀ ਜਾਂ ਡਿਲੀਟ ਕਰਵਾਉਣੀ ਹੈ, ਬਾਰੇ ਲਾਈਨ ਵਿਭਾਗ ਨੂੰ ਮਿਤੀ 14.05.2014 ਤੱਕ ਹਰ ਹਾਲਤ ਵਿੱਚ ਸੂਚਨਾ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਐਨ.ਆਈ.ਸੀ. ਦਫ਼ਤਰ ਨੂੰ ਸਮੇਂ ਸਿਰ ਲੋੜੀਂਦੀ ਸੋਧ ਕਰਨ ਲਈ ਜਾਣੂ ਕਰਵਾਇਆ ਜਾ ਸਕੇ।ਜੇਕਰ ਆਪ ਵੱਲੋਂ ਕੋਈ ਵੀ ਸੂਚਨਾ ਨਹੀਂ ਪ੍ਰਾਪਤ ਹੁੰਦੀ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਇਸ ਸਬੰਧੀ ਕੋਈ ਵੀ ਤਬਦੀਲੀ ਨਹੀਂ ਕਰਨਾ ਚਾਹੁੰਦੇ ਅਤੇ ਅਗਲੇਰੀ ਕਾਰਵਾਈ ਸਾਲ 2013-14 ਦੀ ਸੂਚਨਾ ਦੇ ਆਧਾਰ ਤੇ ਹੀ ਕਰ ਲਈ ਜਾਵੇਗੀ।

ਉਪਰੋਕਤ ਤੋਂ ਇਲਾਵਾ ਇਹ ਵੀ ਯਕੀਨੀ ਬਣਾ ਲਿਆ ਜਾਵੇ ਕਿ ਆਪ ਦੀ ਸੰਸਥਾ ਅਤੇ ਆਪਦੇ ਅਧੀਨ ਆਉਂਦੀਆਂ ਸੰਸਥਾਵਾਂ ਦੀ ਮੈਪਿੰਗ ਵਿੱਚ ਕੋਈ ਕਮੀ ਪੇਸ਼ੀ ਤਾਂ ਨਹੀਂ ਹੈ ਅਤੇ ਜੇਕਰ ਕੋਈ ਕਮੀ ਪੇਸ਼ੀ ਹੈ ਤਾਂ ਉਹ ਤੁਰੰਤ ਲਾਈਨ ਵਿਭਾਗ ਦੇ ਧਿਆਨ ਵਿੱਚ ਲਿਆਂਦੀ ਜਾਵੇ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: /ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਉਤਾਰਾ ਪ੍ਰੋਗਰਾਮਰ(ਮੁੱਖ ਦਫ਼ਤਰ) ਨੂੰ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।